# ਗੁਰੂ ਤੇਗ ਬਹਾਦੁਰ ਜੀ ਦਾ ਜੀਵਨ ਦਰਸ਼ਨ

**ਡਾ. ਪ੍ਰਿਥਵੀ ਰਾਜ ਥਾਪਰ**
ਐਸੋਸਿਏਟ ਪ੍ਰੋਫ਼ੈਸਰ, ਦਿਆਲ ਸਿੰਘ (ਈ.) ਕਾਲਜ, ਦਿੱਲੀ

**ਅਮੂਰਤ**

ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਤੇਗ ਤੇ ਤਿਆਗ ਦੇ ਧਨੀ ਸਨ।ਉਨ੍ਹਾਂ ਨੇ ਕੁਰਬਾਨੀ ਦੀ ਇੱਕ ਵਿਲੱਖਣ ਮਿਸਾਲ ਪੇਸ਼ ਕੀਤੀ।ਹੱਠੀ ਔਰੰਗਜੇਬ ਦੇ ਧਰਮ ਪਰਿਵਰਤਨ ਵਾਲੇ ਇਰਾਦੇ ਦਾ ਦਲੇਰੀ ਨਾਲ ਸਾਹਮਣਾ ਕਰਦੇ ਹੋਏ ਉਨ੍ਹਾਂ ਆਪਣਾ ਬਲੀਦਾਨ ਦਿੱਤਾ।ਇਸ ਬਲੀਦਾਨ ਪਿੱਛੇ ਮੁੱਖ ਪ੍ਰੇਰਨਾ ਸਰੋਤ ਉਨ੍ਹਾਂ ਦਾ ਦੁਨਿਆਵੀ ਮੋਹ ਨੂੰ ਤਿਆਗਣਾ ਸੀ।ਇਸੇ ਜਜ਼ਬੇ ਦਾ ਸੰਚਾਰ ਉਨ੍ਹਾਂ ਨੇ ਆਪਣੇ ਸਿੱਖਾਂ ਵਿਚ ਵੀ ਕੀਤਾ।ਆਪਣੀਆਂ ਯਾਤਰਾਵਾਂ ਦੌਰਾਨ ਗੁਰੂ ਤੇਗ ਬਹਾਦਰ ਜੀ ਨੇ ਲੋਕਾਂ ਨੂੰ ਨਵੇਂ ਗਿਆਨ ਅਤੇ ਚੇਤਨਾ ਨਾਲ ਜੋੜਿਆ।ਪਹਿਲੀ ਪਾਤਸ਼ਾਹੀ ਦੇ ਚਰਨ ਛੋਹ ਪ੍ਰਾਪਤ ਸਥਾਨਾਂ ਦਾ ਨਵੀਨੀਕਰਣ ਕਰਵਾਇਆ।ਇਸੇ ਦੌਰਾਨ ਆਪ ਨੇ ਧਰਮ ਤੇ ਦਰਸ਼ਨ ਦਾ ਸੁਮੇਲ ਰੱਖਣ ਵਾਲਾ ਉਪਦੇਸ਼ ਦਿੱਤਾ।ਗੁਰੂ ਤੇਗ ਬਹਾਦੁਰ ਜੀ ਇਕ ਸਰਬਾਂਗੀ ਸ਼ਖ਼ਸੀਅਤ ਸਨ।ਤਿਆਗ ਤੇ ਬਲੀਦਾਨ ਤੋਂ ਇਲਾਵਾ ਉਨ੍ਹਾਂ ਨੇ ਜਗਤ ਰਚਨਾ, ਜਗਤ ਪ੍ਰੀਤ, ਆਦਰਸ਼ਕ ਮਨੁੱਖ, ਹਰਿ ਦੀ ਪ੍ਰਾਪਤੀ, ਜੀਵਨ ਸ਼ਕਤੀ ਆਦਿ ਬਾਰੇ ਮਹਾਨ ਤੇ ਆਦਰਸ਼ਕ ਵਿਚਾਰਾਂ ਰਾਹੀਂ ਮਨੁੱਖਤਾ ਨੂੰ ਸੋਝੀ ਦਿੱਤੀ।

**ਕੂੰਜੀ ਸ਼ਬਦ:** ਮਨੁੱਖਤਾ, ਧਰਮ, ਗਿਆਨ ਅਤੇ ਚੇਤਨਾ, ਬਲੀਦਾਨ, ਜੀਵਨਸ਼ਕਤੀ, ਜਗਤ ਰਚਨਾ।

ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਤੇਗ ਤੇ ਤਿਆਗ ਦੇ ਧਨੀ ਸਨ।ਉਨ੍ਹਾਂ ਨੇ ਕੁਰਬਾਨੀ ਦੀ ਇੱਕ ਵਿਲੱਖਣ ਮਿਸਾਲ ਪੇਸ਼ ਕੀਤੀ।ਉਨ੍ਹਾਂ ਦਾ ਤਿਆਗ ਵੀ ਮਹਾਨ ਸੀ।ਬਕਾਲੇ ਵਿਖੇ ਗੁਰਗੱਦੀ ਵਾਲੀ ਘਟਨਾ ਉਨ੍ਹਾਂ ਦੇ ਮਹਾਨ ਤਿਆਗ ਦੀ ਸ਼ਾਹਦੀ ਭਰਦੀ ਹੈ।ਨਵ ਜਨਮੇ ਪੁੱਤਰ ਦਾ ਕਈ ਸਾਲਾਂ ਬਾਅਦ ਮੁੱਖ ਦੇਖਣਾ ਬਹੁਤ ਵੱਡੇ ਸਬਰ ਦਾ ਪ੍ਰਤੀਕ ਹੈ।ਹੱਠੀ ਔਰੰਗਜੇਬ ਦੇ ਧਰਮ ਪਰਿਵਰਤਨ ਵਾਲੇ ਇਰਾਦੇ ਦਾ ਦਲੇਰੀ ਨਾਲ ਸਾਹਮਣਾ ਕਰਦੇ ਹੋਏ ਉਨ੍ਹਾਂ ਆਪਣਾ ਬਲੀਦਾਨ ਦਿੱਤਾ।ਇਸ ਬਲੀਦਾਨ ਪਿੱਛੇ ਮੁੱਖ ਪ੍ਰੇਰਨਾ ਸਰੋਤ ਉਨ੍ਹਾਂ ਦਾ ਦੁਨਿਆਵੀ ਮੋਹ ਨੂੰ ਤਿਆਗਣਾ ਸੀ।ਇਸੇ ਜਜ਼ਬੇ ਦਾ ਸੰਚਾਰ ਉਨ੍ਹਾਂ ਨੇ ਆਪਣੇ ਸਿੱਖਾਂ ਵਿਚ ਵੀ ਕੀਤਾ।

ਆਪਣੀਆਂ ਯਾਤਰਾਵਾਂ ਦੌਰਾਨ ਗੁਰੂ ਤੇਗ ਬਹਾਦਰ ਜੀ ਨੇ ਲੋਕਾਂ ਨੂੰ ਨਵੇਂ ਗਿਆਨ ਅਤੇ ਚੇਤਨਾ ਨਾਲ ਜੋੜਿਆ।ਪਹਿਲੀ ਪਾਤਸ਼ਾਹੀ ਦੇ ਚਰਨ ਛੋਹ ਪ੍ਰਾਪਤ ਸਥਾਨਾਂ ਦਾ ਨਵੀਨੀਕਰਣ ਕਰਵਾਇਆ।ਇਸੇ ਦੌਰਾਨ ਆਪ ਨੇ ਧਰਮ ਤੇ ਦਰਸ਼ਨ ਦਾ ਸੁਮੇਲ ਰੱਖਣ ਵਾਲਾ ਉਪਦੇਸ਼ ਦਿੱਤਾ।ਬਨਾਰਸ ਵਿਖੇ ਉਨ੍ਹਾਂ ਉਪਦੇਸ਼ ਦਿੱਤਾ ਕਿ ਸ਼ਰਧਾ ਧਰਮ ਦਾ ਜ਼ਰੂਰੀ ਅੰਗ ਹੈ।ਇਸ ਨੂੰ ਵੱਖਰਾ ਰੱਖਣਾ ਚਾਹੀਦਾ ਹੈ।ਦਰਅਸਲ ਉਨ੍ਹਾਂ ਅੰਦਰ ਸਭ ਧਰਮਾਂ ਲਈ ਆਦਰ-ਸਤਿਕਾਰ ਸੀ।ਇਸ ਦਾ ਖ਼ੁਲਾਸਾ ਇਕ ਵਚਿੱਤਰ ਘਟਨਾ ਵਿਚੋਂ ਹੁੰਦਾ ਹੈ।ਬਨਾਰਸ ਦੀ ਯਾਤਰਾ ਦੌਰਾਨ ਗੁਰੂ ਸਾਹਿਬ ਦੇ ਇਕ ਸ਼ਰਧਾਲੂ ਨੇ ਗੰਗਾ ਵਿੱਚ ਨਹਾਉਣ ਦੀ ਇੱਛਾ ਪ੍ਰਗਟ ਕੀਤੀ।ਪਰ ਗੰਗਾ ਉਸ ਦੇ ਘਰ ਤੋਂ ਦੂਰੀ ਉੱਤੇ ਵਗਦੀ ਹੋਣ ਕਰਕੇ ਉਸ ਦਾ ਇਸ਼ਨਾਨ ਕਰਨਾ ਸੰਭਵ ਨਹੀਂ ਸੀ।ਗੁਰੂ ਜੀ ਦੀ ਮਿਹਰ ਨਾਲ ਗੰਗਾ-ਜਲ ਉਸ ਦੇ ਘਰ ਨੇੜੇ ਇਕ ਟੋਏ ਵਿੱਚੋਂ ਫੁੱਟ ਪਿਆ।ਗੁਰੂ ਸਾਹਿਬ ਦਾ ਸੰਦੇਸ਼ ਸਪੱਸ਼ਟ ਸੀ ਕਿ ਜਿੱਥੇ ਵੀ ਪ੍ਰਮਾਤਮਾ ਦਾ ਨਾਮ ਲਿਆ ਜਾਵੇ ਉਹ ਥਾਂ ਪਵਿੱਤਰ ਹੋ ਜਾਂਦੀ ਹੈ।ਭਾਵ ਉੱਥੇ ਕੁੱਝ ਵੀ ਸੰਭਵ ਹੋ ਜਾਂਦਾ ਹੈ।

ਬੋਧਗਯਾ ਦੀ ਉਦਾਸੀ ਦੇ ਹਵਾਲੇ ਨਾਲ ਮੈਕਾਲਫ ਨੇ ਗੁਰੂ ਤੇਗ ਬਹਾਦੁਰ ਸਾਹਿਬ ਦੀ ਤੁਲਣਾ ਮਹਾਤਮਾ ਬੁੱਧ ਨਾਲ ਕੀਤੀ ਹੈ।ਉਸ ਦਾ ਕਹਿਣਾ ਹੈ ਕਿ ਇਹ ਦੋਵੇ ਸ਼ਖ਼ਸੀਅਤਾਂ ਇੱਕੋ ਜਿਹੇ ਮਹੌਲ ਵਿਚ ਪੈਦਾ ਹੋਈਆਂ।ਦੋਵੇਂ ਮਨੁੱਖਤਾ ਦੇ ਦੁੱਖ ਦਰਦ ਤੋਂ ਦੁਖੀ ਸਨ।ਦੋਵਾਂ ਨੇ ਸਮੁੱਚੀ ਮਨੁੱਖਤਾ ਲਈ ਏਕਤਾ, ਦਇਆ ਅਤੇ ਪਰਉਪਕਾਰ ਦਾ ਸੰਦੇਸ਼ ਦਿੱਤਾ।

ਗੁਰੂ ਤੇਗ ਬਹਾਦੁਰ ਜੀ ਇਕ ਸਰਬਾਂਗੀ ਸ਼ਖ਼ਸੀਅਤ ਸਨ। ਤਿਆਗ ਤੇ ਬਲੀਦਾਨ ਤੋਂ ਇਲਾਵਾ ਉਨ੍ਹਾਂ ਨੇ ਜਗਤ ਰਚਨਾ, ਜਗਤ ਪ੍ਰੀਤ, ਆਦਰਸ਼ਕ ਮਨੁੱਖ, ਹਰਿ ਦੀ ਪ੍ਰਾਪਤੀ, ਜੀਵਨ ਸ਼ਕਤੀ ਆਦਿ ਬਾਰੇ ਮਹਾਨ ਤੇ ਆਦਰਸ਼ਕ ਵਿਚਾਰਾਂ ਰਾਹੀਂ ਮਨੁੱਖਤਾ ਨੂੰ ਸੋਝੀ ਦਿੱਤੀ। ਉਨ੍ਹਾਂ ਅਨੁਸਾਰ ਦੁਨੀਆਂ ਵਿਚ ਕੁੱਝ ਵੀ ਸਥਿਰ ਨਹੀਂ ਹੈ। ਕਿਉਂਕਿ ਜਦ ਜੀਵਨ ਹੀ ਸਦੀਵੀ ਨਹੀਂ ਹੈ ਤਾਂ ਸਭ ਰਿਸ਼ਤੇ-ਨਾਤੇ ਵੀ ਝੂਠੇ ਹਨ। ਜੀਵਨ ਨੂੰ ਸੁਪਨਾ ਮਾਤਰ ਦੱਸਦੇ ਹੋਏ ਉਨ੍ਹਾਂ ਕਿਹਾ ਹੈ

ਸਾਧੋ ਰਚਨਾ ਰਾਮ ਬਨਾਈ
ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ।
......... ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ।
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥[1] (ਗਉੜੀ ਮ. 9)

ਵਿਰੋਧਾਭਾਸੀ ਜਗਤ ਦੀ ਗੁੰਝਲ ਨੂੰ ਗੁਰੂ ਸਾਹਿਬ ਦੀ ਬਾਣੀ ਹੀ ਸੁਲਝਾਉਂਦੀ ਹੈ। ਰਾਮ ਦੀ ਰਚਨਾ ਹੋਣ ਕਰਕੇ ਇਹ ਸਦੀਵੀ ਹੈ। ਪਰ ਨਾਲ ਹੀ ਇਸ ਨੂੰ ਮਿਥਿਆ ਵੀ ਕਿਹਾ ਗਿਆ ਹੈ।

ਹਰੀ ਦੀ ਪ੍ਰਾਪਤੀ ਬਾਰੇ ਆਪ ਦਾ ਕਥਨ ਹੈ 'ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ'। ਕਹਿਣ ਦਾ ਭਾਵ ਪ੍ਰਮਾਤਮਾ ਮਨੁੱਖ ਦੇ ਅੰਦਰ ਹੀ ਵਾਸ ਕਰਦਾ ਹੈ। ਇਸ ਲਈ ਉਸ ਨੂੰ ਬਾਹਰ ਖੋਜਣ ਦੀ ਲੋੜ ਨਹੀਂ ਹੈ। ਇਨ੍ਹਾਂ ਪੰਕਤੀਆਂ ਵਿਚ ਉਹ ਇਸ ਦਾ ਖ਼ੁਲਾਸਾ ਕਰ ਦਿੰਦੇ ਹਨ -

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥[2]

ਗੁਰੂ ਤੇਗ ਬਹਾਦਰ ਜੀ ਦੀ ਨਜ਼ਰ ਵਿਚ ਇੱਕ ਆਦਰਸ਼ਕ ਮਨੁੱਖ ਉਹ ਹੈ ਜੋ ਸੰਤੁਲਿਤ ਜੀਵਨ ਜਿਉਂਦਾ ਹੈ। ਇਸ ਲਈ ਉਨ੍ਹਾਂ ਦਾ ਇਹ ਫ਼ਲਸਫ਼ਾ ਜ਼ਿਕਰਯੋਗ ਹੈ

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥[3]

ਅਜਿਹਾ ਮਨੁੱਖ ਕਿਸੇ ਵੀ ਹਾਲਤ ਵਿਚ ਡੋਲ ਨਹੀਂ ਸਕਦਾ। ਗੁਰੂ ਸਾਹਿਬ ਨੇ ਜੀਵਨ ਮੁਕਤੀ ਦਾ ਮਾਰਗ ਦੱਸਦੇ ਹੋਏ ਕਿਹਾ ਕਿ ਆਪਣੇ ਆਪ ਤੋਂ ਉੱਪਰ ਉੱਠ ਕੇ ਜੀਵਨ ਜੀਊਣਾ ਹੀ ਅਸਲੀ ਜੀਵਨ-ਜਾਚ ਹੈ। ਮੁਕਤ ਵਿਅਕਤੀ ਦੇ ਲੱਛਣ ਦੱਸਦੇ ਹੋਏ ਗੁਰੂ ਸਾਹਿਬ ਕਹਿੰਦੇ ਹਨ

ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥[4]

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਸਿਮਰਨ ਨੂੰ ਕੇਂਦਰ ਵਿਚ ਰੱਖਿਆ ਹੈ। ਉਨ੍ਹਾਂ ਨੇ ਵਿਕਾਰਾਂ ਨੂੰ ਤਿਆਗਣ ਉੱਤੇ ਜ਼ੋਰ ਦਿੱਤਾ। ਉਨ੍ਹਾਂ ਨੇ ਲੋਕਾਂ ਦੀ ਭਲਾਈ ਵਾਸਤੇ ਕੀਤੇ ਤਿਆਗ ਨੂੰ ਹੀ ਪਹਿਲ ਦਿੱਤੀ ਹੈ। ਉਨ੍ਹਾਂ ਦੀ ਬਾਣੀ ਝੂਠ ਨੂੰ ਤਿਆਗ ਕੇ ਸੱਚ ਨਾਲ ਜੋੜਦੀ ਹੈ। ਅਜਿਹਾ ਕਰਨ ਨਾਲ ਹੀ ਸਦੀਵੀ ਸੁੱਖ ਹਾਸਲ ਹੋ ਸਕਦਾ ਹੈ। ਉਹ ਆਸ਼ਾ ਦੀ ਕਿਰਨ ਜਗਾਉਂਦੇ ਹਨ। ਉਹ ਰਚਨਹਾਰੇ ਨਾਲ ਸੰਬੰਧ ਜੋੜਨ ਦੀ ਤਾਕੀਦ ਕਰਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਸੱਚੇ ਵੱਲੋਂ ਇਸ ਸੰਸਾਰ ਦੀ ਰਚਨਾ ਕਰਨ ਦੇ ਬਾਵਜੂਦ ਇਸ ਦਾ ਸਰੂਪ ਸਥਿਰ ਨਹੀਂ ਰਹਿੰਦਾ। ਇਹ ਪਰਿਵਰਤਨਸ਼ੀਲ ਹੈ। ਇਸ ਦੇ ਵਿਆਖਿਆਨ ਲਈ ਉਹ ਰਾਜੇ ਮਹਾਰਾਜਿਆਂ ਦੇ ਵਿਨਾਸ਼ ਦੀ ਮਿਸਾਲ ਦਿੰਦੇ ਹੋਏ ਕਹਿੰਦੇ ਹਨ -

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ।
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ।[5]

ਉਨ੍ਹਾਂ ਦੀ ਬਾਣੀ ਮਨੁੱਖ ਨੂੰ ਸੁਚੇਤ ਕਰਦੀ ਹੈ ਕਿ ਨਜ਼ਦੀਕੀ ਸਾਥ ਛੱਡ ਜਾਂਦੇ ਹਨ। ਅਕਾਲ ਪੁਰਖ ਹਮੇਸ਼ਾ ਨਾਲ ਰਹਿ ਕੇ ਰਹਿਨੁਮਾਈ ਕਰਦਾ ਹੈ-

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥[6]

ਨੌਵੀਂ ਪਾਤਸ਼ਾਹੀ ਦੀਆਂ ਇਨ੍ਹਾਂ ਨਸੀਹਤਾਂ ਨੂੰ ਮੰਨਦਾ ਹੋਇਆ ਮਨੁੱਖ ਨੈਤਿਕ ਪੱਧਰ ਉੱਤੇ ਉੱਪਰ ਉੱਠਦਾ ਹੈ। ਗੁਰੂ ਸਾਹਿਬ ਜੀਵਨ ਭਰਪੂਰਤਾ ਨਾਲ ਜਿਊਣ ਉੱਪਰ ਬਲ ਦਿੰਦੇ ਹਨ। ਸਮੁੱਚਾ ਸਿੱਖ ਫ਼ਲਸਫ਼ਾ

ਗ੍ਰਹਿਸਥ ਜੀਵਨ ਨੂੰ ਪਹਿਲ ਦਿੰਦਾ ਹੈ। ਇਸ ਲਈ ਗੁਰਮੁਖ ਸੰਸਾਰ ਨੂੰ ਤਿਆਗਣ ਦੀ ਥਾਂ ਕਰਮਯੋਗੀ ਬਣ ਕੇ ਜੀਵਨ ਜਿਊਂਦਾ ਹੈ। ਇੰਝ ਇਹ ਬਾਣੀ ਸਹੀ ਸ਼ਬਦਾਂ ਵਿੱਚ ਮਨੁੱਖ ਨੂੰ ਸੱਚਾ ਸੂਰਬੀਰ ਬਣਾਉਂਦੀ ਹੈ।

ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਦੁਨਿਆਵੀ ਵਿਕਾਰਾਂ ਦੀ ਗ਼ੁਲਾਮੀ ਤੋਂ ਛੁਟਕਾਰਾ ਦੁਆ ਕੇ ਨਾਮ ਨਾਲ ਜੋੜਦੇ ਹਨ। ਉਹ ਇਹ ਚਿੰਤਾ ਜ਼ਾਹਿਰ ਕਰਦੇ ਹਨ ਕਿ ਮਨੁੱਖ ਸੀਮਾਵਾਂ ਵਿੱਚ ਬੱਝਿਆ ਹੋਇਆ ਹੈ। ਉਨ੍ਹਾਂ ਦਾ ਮੁੱਖ ਮਕਸਦ ਮਨੁੱਖ ਨੂੰ ਵਿਸ਼ੇ-ਵਿਕਾਰਾਂ ਤੋਂ ਹਟਾ ਕੇ ਸੱਚੀ-ਸੁੱਚੀ ਜੀਵਨ-ਜਾਚ ਸਿਖਾਉਣੀ ਹੈ। ਇਸ ਲਈ ਉਹ ਮਨੁੱਖ ਨੂੰ ਬਾਣੀ ਨਾਲ ਜੁੜਨ ਦਾ ਸੰਦੇਸ਼ ਦਿੰਦੇ ਹਨ। ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਪੜ੍ਹ ਕੇ ਮਨ ਉੱਤੋਂ ਵਾਸਨਾ ਦੀ ਮੈਲ ਉੱਤਰਦੀ ਹੈ ਅਤੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੋਣ ਲੱਗਦੇ ਹਨ। ਇਸ ਲਈ ਗੁਰੂ ਸਾਹਿਬ ਨੇ ਮਨੁੱਖ ਨੂੰ ਨਾਮ ਦੇ ਜਾਪ ਨਾਲ ਮਨ ਨੂੰ ਪਵਿੱਤਰ ਕਰਕੇ 'ਹਰਿ' ਨੂੰ ਪ੍ਰਾਪਤ ਕਰਨ ਦਾ ਉਪਦੇਸ਼ ਦਿੱਤਾ ਹੈ

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ॥
ਕਹੁ ਨਾਨਕ ਸੁਨੁ ਰੇ ਮਨਾ ਤਿਹਿ ਘਟਿ ਬ੍ਰਹਮ ਨਿਵਾਸੁ॥18॥
ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥19॥[7]

ਇੰਝ ਮਨੁੱਖ ਦੁਨਿਆਵੀ ਮੋਹ ਮਾਇਆ ਤੋਂ ਉੱਪਰ ਉੱਠ ਕੇ ਆਲੌਕਿਕਤਾ ਵੱਲ ਦਾ ਸਫ਼ਰ ਸ਼ੁਰੂ ਕਰਦਾ ਹੈ। ਇੱਥੇ ਪਹੁੰਚ ਕੇ ਮਨੁੱਖ ਅਦਭੁਤ ਅਨੁਭਵਾਂ ਵਿਚ ਵਿਚਰਨ ਲੱਗਦਾ ਹੈ। ਉਸ ਦਾ ਮਨ, ਸੁਰਤ ਅਤੇ ਬੁੱਧੀ ਕਿਸੇ ਹੋਰ ਸੰਸਾਰ ਦੇ ਪਾਂਧੀ ਬਣ ਜਾਂਦੇ ਹਨ। ਹਰਿ ਪ੍ਰਾਪਤੀ ਦਾ ਰੁਝਾਨ ਉਸ ਲਈ ਬ੍ਰਹਿਮੰਡ ਦੇ ਦਰਵਾਜ਼ੇ ਖੋਲ੍ਹ ਦਿੰਦਾ ਹੈ। ਇਹ ਮੁਕਤੀ ਪ੍ਰਾਪਤ ਕਰਨ ਦਾ ਉਹ ਸਫ਼ਰ ਹੈ ਜਿੱਥੇ ਆਤਮਾ ਤੇ ਪ੍ਰਮਾਤਮਾ ਵਿੱਚਲਾ ਭੇਦ ਸਮਾਪਤ ਹੋ ਜਾਂਦਾ ਹੈ। ਉਸ ਨੂੰ ਫਿਰ ਜਗਤ ਦੀ ਕੋਈ ਚਿੰਤਾ ਨਹੀਂ ਰਹਿੰਦੀ। ਉਸ ਦੇ ਘਟਘਟ ਵਿਚ ਹਰਿ ਦਾ ਵਾਸ ਹੋਣ ਲੱਗਦਾ ਹੈ। ਮਨੁੱਖ ਦੀ ਇਸ ਅਵਸਥਾ ਦਾ ਵਰਣਨ ਗੁਰੂ ਸਾਹਿਬ ਨੇ ਬਹੁਤ ਹੀ ਖ਼ੂਬਸੂਰਤ ਪੰਕਤੀਆਂ ਵਿੱਚ ਕੀਤਾ ਹੈ -

ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥29॥[8]
ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥
ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥ 43॥[9]

ਗੁਰਬਾਣੀ ਵਿਚ ਇਹ ਇੱਕ ਨਿਵੇਕਲਾ ਸੰਦੇਸ਼ ਹੈ। ਇਸ ਸਦਕਾ ਮਨੁੱਖ ਨੂੰ ਸਫ਼ਲ ਗ੍ਰਹਿਸਥ ਜੀਵਨ ਜਿਊਂਦਿਆਂ ਹਰਿ ਦੀ ਪ੍ਰਾਪਤੀ ਦਾ ਰਸਤਾ ਚੁਣਨ ਦਾ ਮਾਰਗ ਦਰਸਾਇਆ ਗਿਆ ਹੈ। ਗੁਰੂ ਸਾਹਿਬਾਨ ਮਨੁੱਖੀ ਕਲਿਆਣ ਨੂੰ ਸਰਵੋਤਮ ਮੰਨਦੇ ਹਨ। ਇਸ ਲਈ ਪਰੰਪਰਿਕ ਪੂਜਾ ਵਿਧੀਆਂ ਦੀ ਥਾਂ ਸਮੇਂ ਦੀ ਲੋੜ ਅਨੁਸਾਰ ਯੁਗ ਚੇਤਨਾ ਦਾ ਪੈਗਾਮ ਦਿੰਦੇ ਹਨ। ਗੁਰੂ ਤੇਗ ਬਹਾਦੁਰ ਜੀ ਨੇ ਮਾਨਵਤਾ ਨੂੰ ਨਾਮ-ਸਿਮਰਨ ਦੇ ਲੜ ਲੱਗਣ ਦੀ ਵਾਰ-ਵਾਰ ਪ੍ਰੇਰਨਾ ਦਿੱਤੀ ਹੈ। ਉਹ ਗੁਰਮੁਖ ਨੂੰ ਚੇਤੰਨ ਕਰਦੇ ਹਨ ਕਿ ਜੋ ਸਮਾਂ ਹੱਥ ਵਿਚ ਹੈ ਉਸ ਦਾ ਸਦਉਪਯੋਗ ਕਰਨਾ ਚਾਹੀਦਾ ਹੈ -

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ॥
ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ॥9॥[10]
ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ॥
ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ॥10॥[11]

ਉਪਰੋਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਨੌਵੀਂ ਪਾਤਸ਼ਾਹੀ ਦੇ ਦਰਸ਼ਨ ਵਿਚੋਂ ਮਾਨਵੀ ਜੀਵਨ ਦੀ ਸਾਰਥਿਕਤਾ ਉਜਾਗਰ ਹੁੰਦੀ ਹੈ। ਆਪ ਜੀ ਨੇ ਇਸ ਨੂੰ ਮਹਿਜ਼ ਇਕ ਦਰਸ਼ਨ ਹੀ ਨਹੀਂ ਰਹਿਣ ਦਿੱਤਾ। ਉਨ੍ਹਾਂ ਨੇ ਅਸਲੀ ਜੀਵਨ ਨਾਲ ਜੋੜ ਕੇ ਇਸ ਨੂੰ ਮਾਨਵਤਾ ਲਈ ਹੋਰ ਲਾਹੇਵੰਦ ਬਣਾ ਦਿੱਤਾ ਹੈ। ਇਹ ਕਹਿਣ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਗੁਰੂ ਤੇਗ ਬਹਾਦਰ ਸਾਹਿਬ ਯਥਾਰਥਕ

ਜੀਵਨ ਵਿਚੋਂ ਹੀ ਦਰਸ਼ਨ ਦੀ ਤਲਾਸ਼ ਕਰਕੇ ਉਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਜਤਨਸ਼ੀਲ ਹਨ।ਗੁਰਮਤਿ ਦੀ ਇਹ ਲਾਸਾਨੀ ਪ੍ਰਾਪਤੀ ਹੈ ਕਿ ਗੁਰੂ ਸਾਹਿਬਾਨ ਜੀਵਨ-ਜਾਚ ਰਾਹੀਂ ਹੀ ਅਧਿਆਤਮਿਕਤਾ ਦਾ ਰਾਹ ਦਿਖਾਉਂਦੇ ਹਨ।ਉਨ੍ਹਾਂ ਦੀ ਬਾਣੀ ਵਿੱਚ ਦਾਰਸ਼ਨਿਕਤਾ ਅਤੇ ਨੈਤਿਕਤਾ ਦਾ ਸੁਮੇਲ ਹੈ।ਇਸ ਦਾ ਪਾਲਣ ਕਰਕੇ ਮਨੁੱਖ ਬ੍ਰਹਮ ਗਿਆਨੀ ਬਣ ਸਕਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਆਦਿ ਗ੍ਰੰਥ ਸਾਹਿਬ, ਪੰਨਾ 219
2. ਆਦਿ ਗ੍ਰੰਥ ਸਾਹਿਬ, ਪੰਨਾ 684
3. ਆਦਿ ਗ੍ਰੰਥ ਸਾਹਿਬ, ਪੰਨਾ 219
4. ਆਦਿ ਗ੍ਰੰਥ ਸਾਹਿਬ, ਪੰਨਾ 633
5. ਆਦਿ ਗ੍ਰੰਥ ਸਾਹਿਬ, ਪੰਨਾ 1429
6. ਆਦਿ ਗ੍ਰੰਥ ਸਾਹਿਬ, ਪੰਨਾ 1429
7. ਆਦਿ ਗ੍ਰੰਥ ਸਾਹਿਬ, ਪੰਨਾ 1426
8. ਆਦਿ ਗ੍ਰੰਥ ਸਾਹਿਬ, ਪੰਨਾ 1426
9. ਆਦਿ ਗ੍ਰੰਥ ਸਾਹਿਬ, ਪੰਨਾ 1426
10. ਆਦਿ ਗ੍ਰੰਥ ਸਾਹਿਬ, ਪੰਨਾ 1427
11. ਆਦਿ ਗ੍ਰੰਥ ਸਾਹਿਬ, ਪੰਨਾ 1427